# 2015 ਸਾਲਾਨਾ ਰਿਪੋਰਟ





## ਉਦੇਸ਼:

ਐਬਟਸਫੋਰਡ ਨੂੰ ਬੀ ਸੀ ਵਿਚ ਸਭ ਤੋਂ
ਸੁਰੱਖਿਅਤ ਸ਼ਹਿਰ ਬਨਾਉਣਾ


# ਐਬਟਸਫੋਰਡ ਪੁਲੀਸ ਡੀਪਾਰਟਮੈਂਟ










ਈਮਾਨਦਾਰੀ • ਸਨਮਾਨ • ਹੌਂਸਲਾ • ਸੇਵਾ



MAYOR HENRY BRAUN



YVON DANDURAND


KAREN MATTY


MIKE McWHINNEY


SUKH SIDHU


AMANINDER GILL


BARB SCHIMNOWSKY

## ਬੋਰਡ ਵੱਲੋਂ ਸੰਦੇਸ਼

ਐਬਟਸਫੋਰਡ ਪੁਲੀਸ ਵਿਭਾਗ ਦੀ ਤਰਫੋਂ, ਮੈਂ ਐਬਟਸਫੋਰਡ ਪੁਲੀਸ ਵਿਭਾਗ ਦੀ ਸਾਲ 2015 ਦੀ ਰਿਪੋਰਟ ਲੋਕਾਂ ਨੂੰ ਦੇਣ ਦੀ ਖੁਸ਼ੀ ਲੈ ਰਿਹਾ ਹਾਂ। ਇਹ ਰਿਪੋਰਟ ਇਸ ਵਿਭਾਗ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਅਤੇ ਫੋਕਸ ਨੂੰ ਉਜਾਗਰ ਕਰਦੀ ਹੈ ਅਤੇ 2016 ਦੇ ਮੰਤਵਾਂ ਦੀ ਰੂਪ-ਰੇਖਾ ਹੈ।

ਐਬਟਸਫੋਰਡ ਪੁਲੀਸ ਬੋਰਡ ਐਬਟਸਫੋਰਡ ਪੁਲੀਸ ਵਿਭਾਗ ਵੱਲੋਂ ਕਮਿਉਨਿਟੀ ਨੂੰ ਵਧੇਰੇ ਸੁਰੱਖਿਅਤ ਬਨਾਉਣ ਦੀ ਦਿਸ਼ਾ ਵਿਚ ਅੰਕਿਤ ਕਰਨਯੋਗ ਤਰੱਕੀ ਨੂੰ ਯਕੀਨੀ ਬਨਾਉਣ ਲਈ ਸਮੁੱਚੀ ਖੁਦਮੁਖਤਿਆਰ ਤਸਵੀਰ ਪੇਸ਼ ਕਰਨ ਦੀ ਸੇਵਾ ਕਰਦਾ ਹੈ। ਬੋਰਡ ਦਾ ਮੁਖੀ ਹੋਣ ਦੇ ਨਾਤੇ ਮੈਂ ਐਬਟਸਫੋਰਡ ਪੁਲੀਸ ਦੇ ਮੁਖੀ ਕਾਂਸਟੇਬਲ, ਬੌਬ ਰਿਚ ਅਤੇ ਐਬਟਸਫੋਰਡ ਪੁਲੀਸ ਬੋਰਡ ਦੇ ਸਾਰੇ ਮੈਂਬਰਾਂ ਨਾਲ ਮਿਲ ਕੇ ਕੰਮ ਕਰਨ ਵਿਚ ਮਾਣ ਮਹਿਸੂਸ ਕਰਦਾ ਹਾਂ। ਮੈਂ ਆਪਣੇ ਪੁਲੀਸ ਵਿਭਾਗ ਦੀ ਕਮਾਲ ਦੀ ਵਚਨਬੱਧਤਾ ਅਤੇ ਉਨ੍ਹਾਂ ਦੀ ਕਮਿਊਨਿਟੀ ਦੀਆਂ ਲੋੜਾਂ ਦੀ ਜਾਣਕਾਰੀ ਅਤੇ ਅਪਰਾਧ ਨੂੰ ਰੋਕਣ ਵਿਚ ਦਰਪੇਸ਼ ਕਠਨਾਈਆਂ ਪ੍ਰਤੀ ਅੰਤਰੀਵੀ ਜਾਣਕਾਰੀ ਨੂੰ ਨੇੜਿਓਂ ਤੱਕਿਆ ਹੈ। ਸਾਡੀ ਪੁਲੀਸ ਫੋਰਸ- ਅਫਸਰ ਅਤੇ ਸਿਵਲੀਅਨ ਸਟਾਫ - ਅਪਰਾਧ ਨੂੰ ਰੋਕਣ ਅਤੇ ਕਮਿਉਨਿਟੀ ਨੂੰ ਸੁਰੱਖਿਅਤ ਬਨਾਉਣ ਹਿਤ ਹਰ ਰੋਜ਼ ਸਖਤ ਮਿਨਹਤ ਕਰਦੇ ਹਨ। ਅਤੇ ਉਹ ਇਹ ਕੰਮ ਈਮਾਨਦਾਰੀ, ਭਾਵਨਾ ਅਤੇ ਲਗਨ ਨਾਲ ਕਰਦੇ ਹਨ ਤਾਂ ਜੋ ਲਗਾਤਾਰ ਸੁਧਾਰ ਹੋ ਸਕੇ।



## ਮੁੱਖ ਕਾਂਸਟੇਬਲ ਬੌਬ ਰਿਚ ਦਾ ਸੰਦੇਸ਼:

2015 ਦੌਰਾਨ ਐਬਟਸਫੋਰਡ ਪੁਲੀਸ ਵਿਭਾਗ ਦੇ ਮਰਦਾਂ, ਔਰਤਾਂ ਨੂੰ ਬਹੁਤ ਸਾਰੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪਿਆ। ਸਾਡਾ ਕੰਮ ਕਮਿਉਨਿਟੀ ਨੂੰ ਸੁਰੱਖਿਅਤ ਰੱਖਣਾ ਹੈ। ਕਹਿਣਾ ਸੌਖਾ ਹੈ ਪਰੰਤੂ ਕਰਨਾ ਬਹੁਤ ਮੁਸ਼ਕਿਲ। ਪਿਛਲੇ ਸਾਲ ਗੈਂਗ ਹਿੰਸਾ ਅਤੇ ਪ੍ਰਾਪਰਟੀ ਅਪਰਾਧ ਦੋਨੋਂ ਬਹੁਤ ਵਧੇ। ਸਾਨੂੰ ਆਪਣੇ ਸਾਧਨਾਂ ਨੂੰ ਹਿੰਸਾ ਨੂੰ ਦਬਾਉਣ ਅਤੇ ਪ੍ਰਾਪਰਟੀ ਅਪਰਾਧ ਦੇ ਲੈਵਲ ਨੂੰ ਘਟਾਉਣ ਲਈ ਵਰਤਣਾ ਪਿਆ। ਬਦਕਿਸਮਤੀ ਨਾਲ ਦੋਨੋਂ ਸਮੱਸਿਆਵਾਂ ਗੈਰ-ਕਾਨੂੰਨੀ ਡ੍ਰੱਗ ਦੁਆਲੇ ਘੁਮਦੀਆਂ ਹਨ। ਗੈਂਗ ਹਿੰਸਾ ਉਦੋਂ ਪੈਦਾ ਹੁੰਦੀ ਹੈ ਜਦੋਂ ਗੈਂਗ ਡ੍ਰੱਗ ਟ੍ਰੇਡ ਦੀ ਮਾਰਕਿਟ ਵਿਚ ਆਪਣੇ ਹਿੱਸੇ ਲਈ ਲੜਦੇ ਹਨ। ਕਿਸੇ ਘਰ ਵਿਚ ਵੜਨ ਅਤੇ ਕਾਰ ਚੁਰਾਉਣ ਦਾ ਮੁੱਖ ਮੰਤਵ ਡ੍ਰੱਗ ਖਾਣ ਦੀ ਆਦਤ ਨੂੰ ਪੂਰਾ ਕਰਨ ਲਈ ਪੈਸਾ ਪ੍ਰਾਪਤ ਕਰਨਾ ਹੁੰਦਾ ਹੈ। ਪਿਛਲੇ ਸਾਲ ਗਲੀਆਂ ਵਿਚ ਹੈਰੋਇਨ ਅਤੇ ਫੈਂਟਾਨਾਈਲ ਦਾ ਮਿਲਣਾ ਆਮ ਹੋ ਗਿਆ ਅਤੇ ਇੰਨ੍ਹਾਂ ਦੀ ਓਵਰਡੋਜ਼ ਨਾਲ ਕਈ ਮੌਤਾਂ ਹੋਈਆਂ।

ਉਪਰੋਕਤ ਸਾਰੀ ਕਹਾਣੀ ਦਾ ਅਰਥ ਇਹ ਹੈ ਕਿ 2016 ਦੌਰਾਨ ਸਾਡਾ ਧਿਅਨ ਗੈਂਗ ਹਿੰਸਾ ਨੂੰ ਖਤਮ ਕਰਨ ਦਾ ਰਾਹ ਲੱਭਣਾ ਅਤੇ ਪ੍ਰਾਪਰਟੀ ਕਰਾਈਮ ਨੂੰ ਘਟਾਉਣ 'ਤੇ ਕੇਂਦ੍ਰਿਤ ਰਹੇਗਾ। ਐਬਟਸਫੋਰਡ ਭਲਾਈ ਚਾਹੁਣ ਵਾਲੇ ਲੋਕਾਂ ਨਾਲ ਭਰਿਆ ਸ਼ਹਿਰ ਹੈ। ਅਸੀਂ ਆਪਣੇ ਭਾਈਵ੍ਾਲਾਂ ਨਾਲ ਮਿਲ ਕੇ ਕੰਮ ਕਰਦੇ ਰਹਾਂਗੇ ਤਾਂ ਜੋ ਐਬਟਸਫੋਰਡ ਅਜਿਹੀ ਥਾਂ ਬਣ ਜਾਵੇ ਜਿੱਥੇ ਸੀਨੀਅਰ ਸੁਰੱਖਿਅਤ ਹੋਣ। ਸਾਡੇ ਪਰਿਵਾਰ ਵਧਣ ਫੁੱਲਣ ਅਤੇ ਸਾਡੇ ਬੱਚੇ ਤਰੱਕੀ ਕਰਨ।



## ਡਿਪਟੀ ਚੀਫ਼ ਦੇਵ ਸ਼ਿਮਰਲਰ ਦਾ ਸੰਦੇਸ਼:

ਫ੍ਰੇਜ਼ਰ ਵੈਲੀ ਦੇ ਇਲਾਕਿਆਂ, ਐਬਟਸਫੌਰਡ ਸਮੇਤ, ਨੂੰ 2014 ਵਿਚ ਪ੍ਰਾਪਰਟੀ ਕ੍ਰਾਈਮ ਦੇ ਵਾਧੇ ਦਾ ਸਾਮਣਾ ਕਰਨਾ ਪਿਆ ਅਤੇ ਇਹ ਰੁਝਾਨ 2015 ਵਿਚ ਜਾਰੀ ਰਿਹਾ। ਇੰਨ੍ਹਾਂ ਇਲਾਕਿਆਂ ਵਿਚ ਪ੍ਰਾਪਰਟੀ ਅਪਰਾਧ ਕਰਨ ਵਾਲੇ ਪੁਲੀਸ ਲਈ ਇਕ ਹੋਰ ਚਣੌਤੀ ਬਣ ਗਈ। ਅੰਦਰੂਨੀ ਤੌਰ ਤੇ ਏ ਪੀ ਡੀ ਆਪਣੇ ਸਗੰਠਨ ਦੀ ਭਲਾਈ ਬੇਹਤਰ ਬਨਾਉਣਾ ਚਾਹੁੰਦਾ ਸੀ ਅਤੇ ਆਪਣੇ ਸਾਧਨਾਂ ਨੂੰ ਜੁਗਤੀ ਨਾਲ ਵਰਤਵਾ ਚਾਹੁੰਦਾ ਸੀ। ਖਰਚਾ ਘੱਟ ਕਰਨ ਹਿਤ ਇਹ ਸੋਚਿਆ ਗਿਆ ਕਿ ਕਿਹੜੇ ਕੰਮ ਘੱਟ ਕਰਕੇ ਜਾਂ ਦੂਸਰੇ ਸਰਵਿਸ ਦੇਣ ਵਾਲਿਆਂ ਨਾਲ ਭਾਈਵਾਲੀ ਬਣਾ ਕੇ ਕਮਿਉਨਿਟੀ ਦੀ ਸੇਵਾ ਲਈ ਨਵੇਂ ਤਰੀਕੇ ਵਿਕਸਤ ਕੀਤੇ ਗਏ।

ਮਾਨਸਿਕ ਰੋਗੀਆਂ ਨੂੰ ਲੋੜੀ ਦੀਆਂ ਸੇਵਾਵਾਂ ਬਾਰੇ ਆਈਆਂ ਫੋਨ ਕਾਲਾਂ ਦੇ ਨਿਪਟਾਰੇ ਲਈ ਲੋੜੀਂਦੇ ਵਸੀਲਿਆਂ ਦੀ ਲੋੜ ਨੂੰ ਘਟਾਉਣ ਲਈ ਵਿਭਾਗ ਨੇ ਏ ਪੀ ਡੀ ਦਾ ਇਕ ਕੁੱਲਵਕਤੀ ਮੈਂਬਰ ਫ੍ਰੇਜ਼ਰ ਹੈਲਥ ਐਕਟ ਟੀਮ ( ਅਸੱਰਟਿਵ ਕਮਿਉਨਿਟੀ ਹੈਲਥ ਟੀਮ) ਨੂੰ ਦੇ ਦਿੱਤਾ।

2016 ਵਾਸਤੇ ਐਬਟਸਫੋਰਡ ਪੁਲੀਸ ਵਿਭਾਗ(ਏ ਪੀ ਡੀ) ਪੁਲੀਸ ਅਫਸਰਾਂ ਦੀ ਅਗਲੀ ਪੀੜ੍ਹੀ ਦੀ ਭਰਤੀ ਬੜੇ ਜ਼ੋਰ ਸ਼ੋਰ ਨਾਲ ਕਰ ਰਿਹਾ ਹੈ।



## ਡਿਪਟੀ ਚੀਫ ਮਾਈਕ ਸਰ ਦਾ ਸੰਦੇਸ਼ :

ਵੈਨਕੂਵਰ ਪੁਲਿਸ ਵਿਭਾਗ ਨਾਲ 26 ਸਾਲ ਸੇਵਾ ਕਰਨ ਮਗਰੋਂ ਮੈਂ ਨਵੰਬਰ ਵਿਚ ਐਬਟਸਫੌਰਡ ਪੁਲਿਸ ਵਿਭਾਗ ਵਿਚ ਸ਼ਾਮਲ ਹੋਣ 'ਤੇ ਗੌਰਵ ਮਹਿਸੂਸ ਕੀਤਾ। ਪ੍ਰਬੰਧਕੀ ਡਿਵੀਯਨ ਦੇ ਡਿਪਟੀ ਚੀਫ਼ ਵਜੋਂ ਮੈਂ ਕਈ ਪਹਿਲਾਂ ਦੀ ਨਿਸ਼ਾਨਦੇਹੀ ਕੀਤੀ ਜਿੰਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਸੀ। ਪਹਿਲੀ ਇਹ ਕਿ ਪੁਲੀਸ ਦਾ ਕੰਮ ਬਹੁਤ ਚਣੌਤੀਆਂ ਅਤੇ ਤਣਾਭਰਪੂਰ ਹੈ ਅਤੇ ਏ ਪੀ ਡੇ ਦੇ ਸਟਾਫ ਦੀ ਭਲਾਈ ਸੰਗਠਨੀ ਪਹਿਲ ਸਮਝੀ ਗਈ। ਦੂਜੀ ਇਹ ਕਿ ਏ ਪੀ ਡੀ ਮਾਲੀ ਪੱਖੋਂ ਜ਼ਿਮੇਵਾਰ ਰਹਿਣਾ ਚਾਹੀਦਾ ਹੈ ਅਤੇ ਨਾਲ ਹੀ ਕਮਿਉਨਿਟੀ ਦੀ ਸੇਵਾ ਵਿਚ ਕੋਈ ਢਿੱਲ ਨਹੀਂ ਆਉਣ ਦੇਣੀ ਚਾਹੀਦਾ। ਨਵੀਂ ਪੁਲੀਸ ਬਿਲਡਿੰਗ ਦੇ ਬਦਲਾਵ ਬਾਰੇ ਵੀ ਸੋਚਣਾ ਚਾਹੀਦਾ ਹੈ। ਅਸੀਂ ਸਮਝਦੇ ਹਾਂ ਕਿ ਇਹ ਲੰਬੇ ਸਮੇਂ ਦੀ ਯੋਜਨਾ ਹੈ ਪਰ ਫਿਰ ਵੀ ਇਸ ਦੀ ਪਲੈਨਿੰਗ ਹੁਣੇ ਕਰਨੀ ਜ਼ਰੂਰੀ ਹੈ। ਅੰਤਲੀ ਗੱਲ ਇਹ ਹੈ ਕਿ ਏ ਪੀ ਡੀ ਵਿਚ ਇਸ ਸਮੇਂ ਕਈ ਆਸਾਮੀਆਂ ਖਾਲੀ ਹਨ। ਅਤੇ ਅਸੀਂ ਪ੍ਰਗਤੀਸ਼ੀਲ ਮਰਦ ਅਤੇ ਔਰਤਾਂ ਭਰਤੀ ਕਰਨ ਲਈ ਵਚਨਬੱਧ ਹਾਂ ਜਿਹੜੇ ਸਾਡੀ ਟੀਮ ਵਿਚ ਸ਼ਕਤੀ ਅਤੇ ਲਗਨ ਲਿਆ ਸਕਣ।


ਫਰਵਰੀ: 20 ਸਾਲਾ ਆਦਮੀ ਗ੍ਰਿਫਤਾਰ ਕੀਤਾ ਗਿਆ ਅਤੇ ਘਾਤਕ ਛੁਰੇਬਾਜ਼ੀ ਕਰਨ ਦੇ ਦੋਸ਼ ਵਿਚ ਚਾਰਜ ਕੀਤਾ ਗਿਆ।


ਮਾਰਚ: ਟਾਊਨਲਾਈਨ ਹਿੱਲਕ੍ਰੈਸਟ ਝਗੜੇ ਨਾਲ ਸਬੰਧਤ ਘਰ 'ਤੇ ਗੋਲੀਆਂ ਚੱਲੀਆਂ


ਮਈ: ਇਕ 31 ਸਾਲਾ ਆਦਮੀ ਸੈਕਿੰਡ ਡਿਗਰੀ ਕਤਲ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਗਿਆ।


ਜੂਨ: ਤਿੰਨ ਪੈਦਲ ਚਾਲਕਾਂ ਨੂੰ ਹਿੱਟ ਕਰਕੇ ਭੱਜਣ ਵਾਲੇ 39 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ



ਜੁਲਾਈ: ਆਮ ਸ਼ਹਿਰੀਆਂ 'ਤੇ ਪੈਲਟ ਗੰਨ ਨਾਲ ਹਮਲਾ ਕਰਨ ਵਾਲੇ 21 ਸਾਲਾ ਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ।


ਅਗੱਸਤ: ਇਕ 23 ਸਾਲਾ ਆਦਮੀ 'ਤੇ ਗੋਲੀ ਚੱਲੀ ਜਿਸ ਨੂੰ ਗੈਰ-ਖਤਰਨਾਕ ਸੱਟਾਂ ਲੱਗੀਆਂ



ਸਤੰਬਰ: ਇਕ 74 ਸਾਲਾ ਆਦਮੀ ਸਿੰਨ ਕੇ ਚਲਾਈਆਂ ਗੋਲੀਆਂ ਨਾਲ ਮਾਰਿਆ ਗਿਆ ਜਿਹੜੀਆਂ ਨੇੜ ਦੇ ਘਰ ਤੋਂ ਆਈਆਂ ਸਨ



ਅਕਤੂਬਰ: ਟਾਊਨਲਾਈਨ ਇਲਾਕੇ ਵਿਚ ਸੰਨ ਲਾਉਣ ਦੀਆਂ ਲੜੀਵਾਰ ਵਾਰਦਾਤਾਂ ਦੇ ਸਬੰਧ ਵਿਚ 20 ਸਾਲਾ ਅਤੇ 45 ਸਾਲਾ ਆਦਮੀ ਗ੍ਰਿਫਤਾਰ ਕੀਤੇ ਗਏ



ਨਵੰਬਰ: ਟਾਊਨਲਾਈਨ ਏਰੀਆ ਦੇ ਤਿੰਨ ਆਦਮੀ ਡ੍ਰੱਗ ਦਾ ਧੰਦਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ



ਦਸੰਬਰ: ਇਕ 57 ਸਾਲਾ ਆਦਮੀ ਨੇ ਗੰਨ ਦੀ ਵਰਤੋਂ ਕਰਦਿਆਂ ਅਪਰਾਧਕ ਸ਼ਰਮਸਤੀਆਂ ਕੀਤੀਆਂ ਅਤੇ ਮਿੰਟਾਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ।

## ਟ੍ਰੈਫਿਕ ਨਾਲ ਨਹੀਂ, ਅਪਰਾਧ ਨਾਲ ਲੜੋ

**ਐਬਟਸਫੋਰਡ ਪੁਲੀਸ ਵਿਭਾਗ ਵਿਚ ਸ਼ਾਮਲ ਹੋਵੋ**

**Abbypd.ca/careers**




# ਪੁਲਿਸ ਅਫਸਰਾਂ ਦੀ ਭਰਤੀ ਹੋ ਰਹੀ ਹੈ

## ਸਾਡੀ ਟੀਮ ਵਿਚ ਸ਼ਾਮਲ ਹੋਵੋ

ਜੇ ਤੁਸੀਂ ਲਗਾਤਾਰ ਬਦਲ ਰਹੇ ਅਤੇ ਵਿਕਸਤ ਹੋ ਰਹੇ ਪ੍ਰਗਤੀਸ਼ੀਲ ਸੰਗਠਨ ਵਿਚ ਸ਼ਾਮਲ ਹੋਣਾ ਲੋਚਦੇ ਹੋ ਤਾਂ ਸਾਡੀ ਟੀਮ ਦੇ ਮੈਂਬਰ ਬਣਨ ਬਾਰੇ ਵਿਚਾਰ ਕਰੋ। ਸਾਨੂੰ ਕੈਨੇਡਾ ਦੇ ਮੋਹਰੀ ਪੁਲੀਸ ਲੀਡਰਾਂ ਵਿਚੋਂਇਕ ਲੀਡਰ ਹੋਣ ਦਾ ਮਾਣ ਹੈ। ਸ਼ਾਇਦ ਏ ਪੀ ਡੀ ਹੀ ਹੋਵੇ ਜਿਸ ਵਿਚ ਤੁਸੀਂ ਹੋਣੇ ਚਾਹੀਦੇ ਹੋ।

ਹੋਰ ਜਾਣਕਾਰੀ ਲਈ ਵੇਖੋ:
abbypd.ca/careers

## ਡੀ ਡਬਲ ਯੂ ਡੀ ਪੋਸਟਰ ਕੈਂਪੇਨ




ਐਬਟਸਫੋਰਡ ਪੁਲੀਸ ਅਫਸਰ ਪੁਰਸਕਾਰ ਪ੍ਰਾਪਤ ਕਰਦੇ ਹੋਏ



# 2015 ਦੇ ਟੀਚੇ/ਨਤੀਜੇ


## ਸਟ੍ਰੀਟ ਸੇਫਟੀ ਅਤੇ ਪਬਲਿਕ ਗੜਬੜ

### ਟੀਚੇ:

- ਅਸੱਰਟਿਵ ਕਮਿਊਨਿਟੀ ਟਰੀਟਮੈਂਟ ਟੀਮ ਦਾ ਅਮਲੀ ਕੰਮ
- ਬਿਪਤਾ ਵਿਚ ਫਸੇ ਨੌਜਵਾਨਾਂ ਦੀ ਵਕਾਲਤ
- ਬੇਘਰਾਂ ਸਬੰਧੀ ਜੁਗਤੀ 'ਤੇ ਅਮਲ ਕਰਨ ਲਈ ਸਿਟੀ ਨਾਲ ਭਾਈਵਾਲ ਬਣੋ

### ਨਤੀਜਾ

- ਅਸੱਰਟਿਵ ਕਮਿਊਨਿਟੀ ਟਰੀਟਮੈਂਟ ਟੀਮ 'ਤੇ ਅਮਲ ਹੋਇਆ ਅਤੇ ਜਾਰੀ ਹੈ
- ਬਿਪਤਾ ਵਿਚ ਫਸੇ ਨੌਜਵਾਨਾਂ ਦੀ ਵਕਾਲਤ ਲਈ ਸਮਾਰਟ ਪ੍ਰੋਗਰਾਮ ਲਾਗੂ ਕੀਤਾ ਗਿਆ
- ਹੋਮਲੈੱਸ ਜੁਗਤੀ ਨੂੰ ਅਮਲ ਵਿਚ ਲਿਆਉਂਦਿਆ ਏ ਪੀ ਡੀ ਨਨੇ ਸਿਟੀ ਨਾਲ ਤਾਲ-ਮੇਲ ਪੈਦਾ ਕੀਤਾ




## ਪ੍ਰਾਪਰਟੀ ਅਪਰਾਧ

### ਟੀਚੇ:

- ਪ੍ਰਾਪਰਟੀ ਅਪਰਾਧਾਂ ਵਿਚ 10% ਦੀ ਕਮੀ ਕਰਨਾ

### ਨਤੀਜੇ:

- ਪ੍ਰਾਪਰਟੀ ਅਪਰਾਧਾਂ ਵਿਚ 21.3% ਦਾ ਵਾਧਾ ਹੋਇਆ


## ਰੋਡ ਸੇਫਟੀ:

### ਟੀਚੇ:

- ਰੋਡ ਇੰਜਰੀ ਕ੍ਰੈਸ਼ਾਂ ਵਿਚ 10% ਦੀ ਕਮੀ ਕਰਨਾ
- ਪੈਟਰੋਲਿੰਗ ਨਾਲ ਰੋਡ ਸੇਫਟੀ ਵਧਾਉਣਾ
- ਪਬਲਿਕ ਐਜੂਕੇਸ਼ਨ ਪ੍ਰੋਗਰਾਮ

### ਨਤੀਜੇ:

- ਇੰਜਰੀ ਕ੍ਰੇਸ਼ਾਂ ਵਿਚ 25.4% ਦਾ ਵਾਧਾ
- ਪੈਟਰੋਲ ਅਫਸਰ ਮਿਥੀ ਗਈ ਪ੍ਰੋਐਕਟਿਵ ਐਨਫੋਰਸਮੈਂਟ ਵਿਚ ਭਾਗ ਲੈ ਰਹੇ ਹਨ
- ਸੋਸ਼ਲ ਮੀਡੀਆ ਦੀਆਂ ਕਈ ਐਜੂਕੇਸ਼ਨ ਮੁਹਿੰਮਾਂ ਚਾਲੂ ਹਨ




## ਗੈਂਗ ਕ੍ਰਾਈਮ ਨੂੰ ਦਬਾਉਣਾ

### ਟੀਚੇ:

- ਕੋਈ ਗੈਂਗ /ਡ੍ਰੱਗ ਹੋਮੀਸਾਈਡ ਨਾ ਹੋਵੇ
- ਪਬਲਿਕ ਸੇਫਟੀ ਦੇ ਖਤਰਿਆਂ ਨੂੰ ਨਿਸ਼ਾਨਾ ਬਨਾਉਣਾ
- ਫੋਨ ਕਰਕੇ ਡ੍ਰੱਗ ਵਰਤਾਉਣ ਨੂੰ ਨੱਥ ਪਾਉਣਾ

### ਨਤੀਜੇ:

- 2 ਗੈਂਗ/ਡ੍ਰੱਗ ਹੋਮੀਸਾਈਡ
- ਗੁਪਤ ਜਾਂ ਪ੍ਰਤੱਖ ਢੰਗਾਂ ਨਾਲ ਏ ਪੀ ਡੀ ਦੀਆਂ ਵੱਖ ਵੱਖ ਸ਼ਾਖਾਵਾਂ ਵੱਲੋਂ ਪਬਲਿਕ ਸੇਫਟੀ ਦੇ ਖਤਰਿਆਂ ਨੂੰ ਨਿਸ਼ਾਨਾ ਬਣਾਇਆ।
- ਸਾਲ ਭਰ ਫੋਨ ਕਰਕੇ ਡ੍ਰੱਗ ਵੇਚਣ ਵਾਲੇ ਕਈ ਟੋਲਿਆਂ ਨੂੰ ਨਿਸ਼ਾਨਾ ਬਣਾਇਆ




# 2015 ਬੱਜਟ

## 2015 ਬੱਜਟ ਵਿਚ ਤਬਦੀਲੀਆਂ

- ਸਟਾਫਿੰਗ ਵਿਚ ਕੋਈ ਤਬਦੀਲੀ ਨਹੀਂ * ਬੱਜਟ ਵਿਚ $986000 ਦਾ ਵਾਧਾ


ਐਬਟਸਫੋਰਡ ਪੁਲੀਸ ਵਿਭਾਗ ਦੇ ਸਟਾਫ ਦੀ ਕੁੱਲ ਸੰਖਿਆ

212 ਪੁਲੀਸ ਅਫਸਰ,118 ਸਿਵਲੀਅਨ ਸਟਾਫ ਅਤੇ 182 ਵਾਲੰਟੀਅਰ

The Abbotsford Police Department is comprised of


212 Police Officers , 118 Civilian Staff

and 182 Volunteers .



## ਗੈਂਗ ਹਿੰਸਾ ਘਟਾਉਣ ਵਿਚ ਸਾਡੀ ਸਹਾਇਤਾ ਕਰੋ

ਏ ਪੀ ਡੀ ਪਹਿਲ ਦੇ ਆਧਾਰ 'ਤੇ ਪਬਲਿਕ ਸੇਫਟੀ ਦੇ ਖਤਰਿਆਂ ਅਤੇ ਚੱਲ ਰਹੇ ਝਗੜਿਆਂ ਨਾਲ ਨਿਪਟਣ ਦੇ ਯਤਨ ਜਾਰੀ ਰੱਖੇਗਾ। ਅਸੀਂ ਆਪ ਜੀ ਨੂੰ ਇੰਨ੍ਹਾਂ ਦੇ ਹੱਲ ਦਾ ਭਾਈਵਾਲ ਬਣਨ ਦੀ ਬੇਨਤੀ ਕਰਦੇ ਹਾਂ। ਗੈਂਗ ਸਰਗਰਮੀਆਂ ਦੀ ਰਿਪੋਰਟ ਕ੍ਰਾਈਮ ਸਟਾਪਰਜ਼ ਨੂੰ 1-800-222-8477 'ਤੇ ਜਾਂ ਏ ਪੀ ਡੀ ਨੂੰ 604-864-4777 'ਤੇ ਦਿਉ। ਕਮਿਉਨਿਟੀ ਫੋਰਮਾਂ ਵਿਚ ਜਨਤਕ ਸਲਾਹ ਮਸ਼ਵਰੇ ਵਿਚ ਹਿੱਸਾ ਲਵੋ। ਆਪਣਾ ਵਡਮੁੱਲਾ ਸਮਾਂ ਬੱਚਿਆਂ ਨਾਲ ਗੁਜ਼ਾਰੋ। ਆਪਣੇ ਬੱਚੇ ਦੇ ਜੀਵਨ ਵਿਚ ਸ਼ਾਮਲ ਹੋਵੋ।



# 2016 ਦੇ ਟੀਚੇ

## ਗੈਂਗ ਹਿੰਸਾ ਨੂੰ ਦਬਾਉਣਾ

ਸਾਡਾ ਡ੍ਰੱਗ ਅਤੇ ਗੈਂਗ ਦਬਾਓ ਯੂਨਿਟ ਪਬਲਿਕ ਸੇਫਟੀ ਨੂੰ ਦਰਪੇਸ਼ ਵੱਡੇ ਖਤਰਿਆਂ ਨੂੰ ਨਿਸ਼ਾਨਾ ਬਣਾਵੇਗਾ। ਸਾਡਾ ਟੀਚਾ ਗੈਂਗਾਂ ਨਾਲ ਸਬੰਧਤ ਵਾਰਦਾਤਾਂ ਨੂੰ ਦਬਾ ਕੇ ਗੋਲੀਆਂ ਚੱਲਣ ਅਤੇ ਹਮਲਿਆਂ ਨੂੰ 50% ਘਟਾਉਣਾ ਹੈ।

## ਪ੍ਰਾਪਰਟੀ ਅਪਰਾਧ ਨੂੰ ਘਟਾਉਣਾ

ਸਾਡਾ ਡ੍ਰੱਗ ਅਤੇ ਗੈਂਗ ਦਬਾਓ ਯੂਨਿਟ ਪਬਲਿਕ ਸੇਫਟੀ ਨੂੰ ਦਰਪੇਸ਼ ਵੱਡੇ ਖਤਰਿਆਂ ਨੂੰ ਨਿਸ਼ਾਨਾ ਬਣਾਵੇਗਾ। ਸਾਡਾ ਟੀਚਾ ਗੈਂਗਾਂ ਨਾਲ ਸਬੰਧਤ ਵਾਰਦਾਤਾਂ ਨੂੰ ਦਬਾ ਕੇ ਗੋਲੀਆਂ ਚੱਲਣ ਅਤੇ ਹਮਲਿਆਂ ਨੂੰ 50% ਘਟਾਉਣਾ ਹੈ।

## ਕਰਮਚਾਰੀਆਂ ਦੀ ਭਲਾਈ ਵਧਾਉਣਾ

ਸਾਡੀ ਕਮਿਉਨਿਟੀ ਨੂੰ ਸੁਰੱਖਿਅਤ ਰੱਖਣ ਵਿਚ ਜੁਟੇ ਲੋਕਾਂ ਦੀ ਭਲਾਈ ਏ ਪੀ ਡੀ ਨੂੰ ਪਿਆਰੀ ਹੈ। 2016 ਵਿਚ ਸਾਡਾ ਟੀਚਾ ਇਹ ਹੈ ਕਿ ਕਰਮਚਾਰੀਆਂ ਦੀ ਭਲਾਈ ਦੇ ਇਕਮਤਤਾ ਦੇ ਪ੍ਰੋਗਰਾਮ 'ਤੇ ਅਮਲ ਕਰੀਏ।











# ਸਮੁੱਚੇ ਤੌਰ ਤੇ ਕਰਾਈਮ

ਬੇਸ਼ੱਕ ਕਰਾਈਮ ਵੱਧ ਗਿਆ ਹੈ, ਪਰ ਐਬਟਸਫੋਰਡ ਵਿੱਚ ਕਰਾਈਮ ਲਗਾਤਾਰ ਘੱਟ ਰਿਹਾ ਹੈ।


- 2015
- 2014
- 2013

ਇਹ ਅੰਕੜੇ ਪ੍ਰਾਈਮ ਬੀ ਸੀ ਤੋਂ ਲਏ ਗਏ ਹਨ, ਅਤੇ ਬਦਲ ਸਕਦੇ ਹਨ।


### ਐਬਟਸਫੋਰਡ





### ਮਿਸ਼ਨ




### ਚਿੱਲੀਵੈਕ





### ਲੈਂਗਲੀ




### ਰਿਜ ਮੈਡੋਜ਼




### ਸਰ੍ਹੀ





ਜੂਨੀਅਰ ਪੁਲੀਸ ਅਕੈਡਮੀ

# ਕ੍ਰਿਸਮਿਸ ਚਿੰਤਨ ਦਾ ਸਮਾਂ ਹੈ




ਏ ਪੀ ਡੀ ਵੱਲੋਂ ਗਲਤ ਚੋਣ ਕਰਨ ਵਾਲਿਆਂ ਅਤੇ ਅਪਰਾਧਕ ਜੀਵਨ ਸ਼ੈਲੀ ਅਪਨਾਈ ਬੈਠੇ ਲੋਕਾਂ ਨੂੰ ਕ੍ਰਿਸਮਿਸ ਕਾਰਡ ਭੇਜੇ ਜਾਂਦੇ ਹਨ



ਕਲੱਬ ਗਿਵ ਅਵੇ

## ਘਰੇਲੂ ਹਿੰਸਾ ਦੀ ਇਸ਼ਤਿਹਾਰੀ ਮੁਹਿੰਮ

### ਆਪਰੇਸ਼ਨ ਰੈਵੀਲ-ਊਸ਼ਨ

ਐਬਟਸਫੋਰਡ ਪੁਲੀਸ ਵਿਭਾਗ ਦੇ ਘਰੇਲੂ ਹਿੰਸਾ ਯੂਨਿਟ ਵੱਲੋਂ ਘਰੇਲੂ ਰਿਸ਼ਤਿਆਂ ਵਿਚ ਹਿੰਸਾ ਦੇ ਵਿਸ਼ੇ 'ਤੇ ਰੈਵੀਲ-ਊਸ਼ਨ ਨਾਮੀ ਮਹੱਤਵਪੂਰਨ ਵੀਡੀਓ ਜਾਰੀ ਕੀਤੀ ਹੈ। ਇਹ ਫਿਲਮ ਫਾਈਨ ਕੈਨਵਸ ਪ੍ਰੋਡੱਕਸ਼ਨ ਵੱਲੋਂ ਬਣਾਈ ਗਈ ਹੈ ਜਿਸ ਵਿਚ ਡਬਲਿਊ ਜੇ ਮੌਟ ਸੈਕੰਡਰੀ ਦੀ ਨਾਟਕੀ ਟੀਮ ਦੇ ਚਮਤਕਾਰੀ ਐਕਟਰ ਪੇਸ਼ ਕੀਤੇ ਗਏ ਹਨ।ਐਬਟਸਫੌਰਡ ਸਕੂਲ ਡਿਸਟ੍ਰਿਕਟ ਦੀ ਮੁਕੰਮਲ ਸਹਾਇਤਾ ਨਾਲ ਏ ਪੀ ਡੀ ਦਾ ਘਰੇਲੂ ਹਿੰਸਾ ਯੂਨਿਟ ਇਸ





ਫਿਲਮ ਨੂੰ ਰਿਸ਼ਤਿਆਂ ਦੀ ਹਿੰਸਾ ਦੀ ਜਾਣਕਾਰੀ ਵਧਾਉਣ ਦੇ ਢੰਗ ਵਜੋਂ ਇਸ ਨੂੰ ਐਬਟਸਫੌਰਡ ਦੇ ਸਾਰੇ ਸਕੂਲਾਂ ਦੇ 10-12 ਗ੍ਰੇਡਾਂ ਵਿਚ ਚਰਚਾ ਦਾ ਵਿਸ਼ਾ ਬਣਾ ਕੇ ਪੇਸ਼ ਕਰੇਗਾ ਅਤੇ ਨੌਜਵਾਨਾਂ ਨੂੰ ਉਤਸਾਹਿਤ ਕਰੇਗਾ ਕਿ ਜੇ ਉਹ ਇਸ ਤਰਾਂ ਦੀ ਹਿੰਸਾ ਵੇਖਦੇ ਹਨ ਤਾਂ ਉਹ ਲੋੜੀਂਦੀ ਸਹਾਇਤਾ ਦੀ ਤਲਾਸ਼ ਕਰਨ। ਐਬਟਸਫੋਰਡ ਪੁਲੀਸ ਵਿਭਾਗ ਅਤੇ ਇਸ ਦਾ ਘਰੇਲੂ ਹਿੰਸਾ ਯੂਨਿਟ ਸਾਰੇ ਸ਼ਹਿਰੀਆਂ ਨੂੰ ਪ੍ਰੇਰਨਾ ਕਰੇਗਾ ਕਿ ਉਹ ਰਿਸ਼ਤਿਆਂ ਵਿਚਲੀ ਹਿੰਸਾ ਨੂੰ ਖਤਮ ਕਰਨ ਦੇ ਇੰਨ੍ਹਾਂ ਦੇ ਯਤਨਾਂ ਵਿਚ ਸ਼ਾਮਲ ਹੋਣ।

## ਕੀ ਤੁਹਾਨੂੰ ਪਤਾ ਹੈ ਕਿ ਵਹੀਕਲਾਂ ਵਿਚੋਂ ਚੋਰੀ ਕਰਨ ਦੀਆਂ ਵਾਰਦਾਤਾਂ ਹਰ ਰੋਜ਼ ਹੋ ਰਹੀਆਂ ਹਨ ?

ਕਿਰਪਾ ਕਰਕੇ ਵਹੀਕਲਾਂ ਵਿਚੋਂ ਹੋ ਰਹੀਆਂ ਚੋਰੀਆਂ ਨੂੰ ਘੱਟ ਕਰਨ ਵਿਚ ਸਹਾਇਤਾ ਕਰੋ। ਵਹੀਕਲ ਮਾਲਕਾਂ ਵਾਸਤੇ ਨੁਕਤੇ ਇਹ ਹਨ:

- ਚੋਰੀ ਨੂੰ ਰੋਕਣ ਵਾਲਾ 'ਕਲੱਬ' ਵਰਗਾ ਯੰਤਰ ਵਰਤੋ
- ਖੁਲ੍ਹੇ ਪੈਸਿਆਂ ਵਰਗੇ ਕੀਮਤੀ ਪਦਾਰਥ ਕਾਰ ਵਿਚੋਂ ਕੱਢ ਲਵੋ
- ਆਪਣਾ ਵਹੀਕਲ ਰੋਸ਼ਨੀ ਵਾਲੀ ਥਾਂ ਪਾਰਕ ਕਰੋ
- ਯਕੀਨੀ ਬਣਾਓ ਕਿ ਤੁਹਾਡੇ ਵਹੀਕਲ ਦੇ ਡੋਰਾਂ ਦੇ ਲੌਕ ਲੱਗੇ ਹਨ



## ਤੁਸੀਂ ਕਿਵੇਂ ਸਹਾਇਤਾ ਕਰ ਸਕਦੇ ਹੋ?

ਅਪਰਾਧ ਉਦੋਂ ਹੀ ਘਟਣਗੇ ਅਤੇ ਐਬਟਸਫੋਰਡ ਤਦੇ ਸੁਰੱਖਿਅਤ ਹੋਵੇਗਾ ਜਦੋਂ ਕਮਿਉਨਿਟੀ ਅਤੇ ਪੁਲੀਸ ਮਿਲ ਕੇ ਕੰਮ ਕਰਨਗੇ। ਪਿਛਲੇ ਦੋ ਸਾਲਾਂ ਦੌਰਾਨ ਅਪਰਾਧ ਵਧਿਆ ਹੈ ਅਤੇ ਅਸੀਂ ਇਸ ਵਿਚ ਮੋੜਾ ਲਿਆਉਣਾ ਚਾਹੁੰਦੇ ਹਾਂ।

## ਕਿਰਪਾ ਕਰਕੇ ਸਾਡੇ ਨਾਲ ਮਿਲ ਕੇ ਕੰਮ ਕਰੋ

1 ਆਪਣੀ ਕਾਰ ਵਿਚੋਂ ਕੀਮਤੀ ਚੀਜ਼ਾਂ ਕੱਢ ਲਵੋ। ਲੋਕ ਭਾਨ ਚੋਰੀ ਕਰਨ ਲਈ ਤੁਹਾਡੀ ਕਾਰ ਭੰਨਣਗੇ
2 ਆਪਣੀ ਪੁਰਾਣੇ ਮਾਡਲ ਦੀ ਕਾਰ ਵਿਚ 'ਕਲੱਬ' ਵਰਗਾ ਐਂਟੀ-ਚੋਰੀ ਯੰਤਰ ਲਗਾਓ
3 ਜੇ ਤੁਹਾਨੂੰ ਕੁਝ ਸ਼ੱਕੀ ਹੁੰਦਾ ਨਜ਼ਰ ਆਵੇ ਤਾਂ 911 ਕਾਲ ਕਰੋ
4 ਆਪਣੇ ਗੁਆਂਢੀ ਦਾ ਧਿਆਨ ਰੱਖੋ। ਅਸੀਂ ਇਕ ਭਾਈਚਾਰਾ ਹਾਂ ਅਤੇ

ਇਕ-ਦੂਜੇ ਦੀ ਸਹਾਇਤਾ ਕਰ ਸਕਦੇ ਹਾਂ

## ਵਾਲੰਟੀਅਰ ਕੰਮ ਕਰਨ ਦੇ ਢੰਗ

- ਚਾਈਲਡ ਆਈ ਡੀ
- ਸਿਟੀਜ਼ਨ ਪਟਰੋਲ
- ਸੀ ਪੀ ਓ ਆਫਿਸ
- ਸੈਲ ਵਾਚ
- ਸਪੀਡ ਵਾਚ
- ਲਾਕ ਆਟੋ ਕ੍ਰਾਈਮ
- ਸਪੈਸ਼ਨ ਈਵੈਂਟ ਟੀਮ
- ਰਜ਼ਰਵ ਕਾਂਸਟੇਬਲ ਪ੍ਰੋਗਰਾਮ
- ਵਿਕਟਮ ਸਰਵਿਸ

ਈਮਾਨਦਾਰੀ
ਸਨਮਾਨ
ਹੌਸਲਾ
ਸੇਵਾ

## CONTACT US


ABBOTSFORD POLICE DEPARTMENT
2838 Justice Way,
Abbotsford, BC V2T 3P5
PHONE: 604.859.5225
TEXT: ABBYPD (222973)


COMMUNITY POLICE OFFICE
105 - 34194 Marshall Road,
Abbotsford, BC V2S 5E4
PHONE: 604.864.4814

abbypd.ca











ABBOTSFORD
POLICE DEPARTMENT